# ਵਾਹਗੁਰੂ ਤੇਰਾ ਸਭੁ ਸਦਕਾ

## ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ।।

ਇਹ ਸਵਈਆ ਭੱਟ ਗਯੰਦ ਜੀ ਨੇ ਉਚਾਰਣ ਕੀਤਾ ਹੈ ਜੋ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੪੦੩ ਤੇ ਅੰਕਤ ਹੈ। ਇਹ, ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਸੰਬੋਧਨ ਕਰ ਕੇ ਉਚਾਰਣ ਕੀਤਾ ਗਿਆ ਹੈ।

ਭੱਟ ਸਾਹਿਬ ਨੇ ਇਸ ਸਵਈਏ ਵਿਚ, ਸ੍ਰੀ ਗੁਰੂ ਰਾਮਦਾਸ ਸਾਹਿਬ ਦੇ ਸਰੂਪ ਵਿਚ, ਉਸ ਗੁਰ-ਜੋਤਿ ਨੂੰ ਸੰਬੋਧਨ ਕੀਤਾ ਗਿਆ ਹੈ, ਜੋ ਜੁਗਾਂ ਜੁਗਾਂ ਤੋਂ ਅਟਲ ਰਹੀ ਹੈ, ਪਰਗਟ ਹੁੰਦੀ ਆਈ ਹੈ ਅਤੇ ਆਪਣੇ ਭਗਤਾਂ ਦੀ ਪੈਜ ਰਖਦੀ ਆਈ ਹੈ। ਉਸ ਦੁਆਰਾ ਆਪਣੇ ਭਗਤਾਂ ਦੀ ਖਾਤਰ ਅਵਤਾਰ ਧਾਰਣ ਕੀਤਾ ਜਾਂਦਾ ਰਿਹਾ ਹੈ - 'ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ।।', ਪੰਨਾ ੪੫੧. ਸ੍ਰੀ ਗੁਰੂ ਅਮਰਦਾਸ ਸਾਹਿਬ, ਪੰਨਾ ੬੩੭ ਤੇ ਫ਼ੁਰਮਾਣ ਕਰਦੇ ਹਨ ਕਿ ਉਹ ਭਗਤ ਜਨਾਂ ਦੀ ਪੈਜ, ਸਦਾ ਤੋਂ ਹੀ ਰਖਦਾ ਆਇਆ ਹੈ, ਜਿਵੇਂ ਭਗਤ ਪ੍ਰਹਿਲਾਦ ਦੀ ਰਖਿਆ ਕਰ ਕੇ ਹਰਨਾਖ਼ਸ਼ ਨੂੰ ਮਾਰ ਪਚਾਇਆ - 'ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ।। ਪ੍ਰਹਿਲਾਦ ਜਨ ਤੁਧੁ ਰਾਖਿ ਲਏ ਹਰਣਾਖਸੁ ਮਾਰਿ ਪਚਾਇਆ।।' ਇਹ, ਗੁਰਬਾਣੀ ਵਿਚ ਭਲੀ ਭਾਂਤ, ਵਾਰ ਵਾਰ ਦਸਿਆ ਗਿਆ ਹੈ ਕਿ ਹਰਣਾਖ਼ਸ ਨੂੰ, ਨਰ-ਸਿੰਘ ਨੇ ਮਾਰਿਆ ਸੀ, ਜੋ ਗੁਰ-ਜੋਤਿ ਦਾ ਹੀ ਸਰੂਪ ਸੀ। ਪ੍ਰਭੂ, ਸਾਰੇ ਕੰਮ ਗੁਰ-ਜੋਤਿ ਰਾਹੀਂ ਹੀ ਕਰਦਾ ਹੈ, ਇਹੀ ਉਸ ਦੀ ਵਿਧੀ ਹੈ, ਗੁਰ-ਜੋਤਿ ਵੀ ਉਸੇ ਦਾ ਹੀ ਸਰੂਪ ਹੈ। ਜਿਵੇਂ ਭੱਟ ਨਲ ਜੀ ਗੁਰ-ਜੋਤਿ ਰੂਪੀ ਸ੍ਰੀ ਗੁਰੂ ਰਾਮਦਾਸ ਸਾਹਿਬ ਨੂੰ ਸੰਬੋਧਨ ਕਰ ਰਹੇ ਹਨ ਕਿ ਤੂੰ ਭਗਤ ਪ੍ਰਹਿਲਾਦ ਦੀ ਨਰ-ਸਿੰਘ ਦੇ ਰੂਪ ਵਿਚ ਆ ਕੇ ਪੈਜ ਰਖੀ ਸੀ - 'ਜੈਸੀ ਰਾਖੀ ਲਾਜ ਭਗਤ ਪ੍ਰਹਿਲਾਦ ਕੀ ਹਰਨਾਖਸ ਫਾਰੇ ਕਰ ਆਜ।।', ਪੰਨਾ ੧੪੦੦.

ਕਬੀਰ ਜੀ ਫ਼ੁਰਮਾਣ ਕਰਦੇ ਹਨ ਕਿ ਗੁਰ-ਜੋਤਿ, ਸਮੇਂ ਸਮੇਂ ਤੇ ਮਹਾਂਪੁਰਖਾਂ ਦੇ ਸਰੂਪ ਵਿਚ, ਪ੍ਰਗਟ ਹੁੰਦੀ ਆਈ ਹੈ, ਭਾਵੇਂ, ਇਹ ਮਹਾਂਪੁਰਖ, ਜਿਸ ਦੇ ਵੀ ਘਰ ਪ੍ਰਗਟ ਹੁੰਦੇ ਨੇ, ਉਨ੍ਹਾਂ ਦੇ ਤਾਂ ਭਾਗ ਹੀ ਖੁਲ ਜਾਂਦੇ ਨੇ - 'ਭਗਤਿ ਹੇਤਿ ਅਵਤਾਰੁ ਲੀਓ ਹੈ ਭਾਗੁ ਬਡੋ ਬਪੁਰਾ ਕੋ ਰੇ।।', ਪੰਨਾ ੩੩੮.

ਮਥੁਰਾ ਭੱਟ ਫ਼ੁਰਮਾਣ ਕਰਦੇ ਹਨ - 'ਤਤੁ ਬਿਚਾਰ ਯਹੈ ਮਥੁਰਾ ਜਗ ਤਾਰਨ ਕਉ ਅਵਤਾਰੁ ਬਨਾਯਉ।।', ਪੰਨਾ ੧੪੦੯.

ਸ੍ਰੀ ਗੁਰੂ ਰਾਮਦਾਸ ਸਾਹਿਬ ਦਾ ਫ਼ੁਰਮਾਣ ਹੈ ਕਿ ਇਸ ਗੁਰ-ਜੋਤਿ ਦੀ ਪੀੜ੍ਹੀ ਹਰ ਜੁਗ ਵਿਚ, ਜੁਗਾਂ ਤੋਂ ਚਲਦੀ ਆ ਰਹੀ ਹੈ ਅਤੇ ਚਲਦੀ ਰਹੇਗੀ - 'ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜ੍ਹੀ ਗੁਰੂ ਚਲੰਦੀ।।', ਪੰਨਾ ੭੯. ਜਿਵੇਂ ਸ੍ਰੀ ਗੁਰੂ ਨਾਨਕ ਸਾਹਿਬ ਦੀ ਪੀੜ੍ਹੀ ਸ੍ਰੀ ਗੁਰੂ ਅੰਗਦ ਸਾਹਿਬ ਜੀ ਸਨ।

ਗੁਰਬਾਣੀ ਵਿਚ ਹੋਰ ਵੀ ਬੇਅੰਤ ਪ੍ਰਮਾਣ ਹਨ ਕਿ ਇਹ ਗੁਰ-ਜੋਤਿ ਦੁਨੀਆਂ ਤੇ, ਪਰਤਖ ਹਰੀ ਦਾ ਅਵਤਾਰ ਜਾਂ ਦੇਹ ਸਰੂਪ ਬਣਾ ਕੇ ਆਉਂਦੀ ਹੈ। ਭਾਈ ਗੁਰਦਾਸ ਜੀ ਵੀ ਪਭੂ ਦੇ ਗੁਰ-ਜੋਤਿ ਰੂਪ ਵਿਚ ਅਵਤਾਰ ਧਾਰਣ ਦਾ ਜ਼ਿਕਰ ਕਰਦੇ ਹਨ - 'ਸਤਿਗੁਰ ਬਾਝੁ ਨ ਬੁਝੀਐ  ਜਿਚਰੁ ਧਰੇ ਨ ਪ੍ਰਭੁ ਅਵਤਾਰਾ।।', ਵਾਰ ੧:੧੭.

ਇਸ ਸਵਈਏ ਦੀ ਪਹਿਲੀ ਪੰਕਤੀ ਵਿਚ, ਭੱਟ ਗਯੰਦ ਜੀ ਇਉਂ ਫ਼ੁਰਮਾਣ ਕਰਦੇ ਹਨ :

-- ਹੇ ਗੁਰ-ਜੋਤਿ ਸ੍ਰੀ ਗੁਰੂ ਰਾਮਦਾਸ ਸਾਹਿਬ ! ਤੂੰ ਜੁਗਾਂ ਜੁਗਾਂ ਤੋਂ, ਹਰ ਜੁਗ ਵਿਚ, ਆਪਣੇ ਸੇਵਕਾਂ, ਭਾਵ, ਭਗਤਾਂ ਦੇ ਅੰਗ ਸੰਗ ਰਹਿੰਦਾ ਹੈਂ, ਭਗਤਾਂ ਤੇ ਤੇਰੀ ਬਖ਼ਸ਼ਿਸ਼ ਰਹਿੰਦੀ ਹੈ। ਹੇ ਗੁਰੂ ! ਤੂੰ ਵਾਹ ਹੈਂ, ਤੇਰੀ ਮਹਿਮਾ ਬਿਆਨ ਕਰਣ ਦੀ ਹਦ ਤੋਂ ਬਾਹਰ ਹੈ। ਇਹ ਸਾਰੀ ਰਚਨਾ ਤੇਰੇ ਹੀ ਸਦਕਾ, ਤੇਰੇ ਅਧਾਰ ਤੇ ਟਿਕੀ ਹੋਈ ਹੈ, ਹੋਂਦ ਰਖਦੀ ਹੈ।

**ਨਿਰੰਕਾਰੁ ਪ੍ਰਭੁ ਸਦਾ ਸਲਾਮਤਿ  ਕਹਿ ਨ ਸਕੈ ਕੋਊ  ਤੂ ਕਦ ਕਾ।।**

-- ਨਿਰਾਕਾਰ ਅਕਾਲ ਪੁਰਖ ਸਾਹਿਬ ਤਾਂ ਸਦਾ ਤੋਂ ਹੀ ਹਨ ਪਰ ਹੇ ਗੁਰ-ਜੋਤਿ ਰੂਪੀ ਗੁਰੂ ਰਾਮਦਾਸ ! ਤੂੰ ਕਦੋਂ ਤੋਂ ਹੈਂ, ਇਸ ਬਾਰੇ ਕੋਈ ਨਹੀਂ ਦਸ ਸਕਦਾ।

ਹਾਂ ! ਗੁਰਬਾਣੀ ਵਿਚ ਇਸ਼ਾਰਾ ਜ਼ਰੂਰ ਮਿਲਦਾ ਹੈ ਜਦੋਂ ਕਬੀਰ ਸਾਹਿਬ ਦਸਦੇ ਹਨ ਕਿ ਜਦੋਂ ਇਹ ਧਰਤੀ, ਅਕਾਸ਼, ਦਸੋ ਦਿਸ਼ਾਵਾਂ ਨਹੀਂ ਸਨ, ਭਾਵ, ਇਹ ਸ੍ਰਿਸ਼ਟੀ ਦੀ ਹੋਂਦ ਅਜੇ ਨਹੀਂ ਸੀ ਤਦ ਇਹ ਗੁਰ-ਜੋਤਿ ਮੌਜੂਦ ਸੀ। ਸ੍ਰਿਸ਼ਟੀ ਦੀ

ਸਾਜਨਾਂ ਤੋਂ ਪਹਿਲਾਂ, ਕਿਉਂਕਿ, 'ਸਮਾਂ' ਦੀ ਸਿਰਜਣਾ ਹੀ ਨਹੀਂ ਸੀ ਹੋਈ, ਫ਼ਿਰ, ਇਸ ਕਰਕੇ, ਇਹ ਗੁਰ-ਜੋਤਿ ਕਦੋਂ ਤੋਂ ਹੈ, ਕਿਵੇਂ ਦਸਿਆ ਜਾ ਸਕਦਾ ਹੈ ! ਇਹ ਤਾਂ ਵਿਸਮਾਦ ਹੀ ਹੈ ! ਪਰ, ਇਕ ਸਚਿਆਈ ਅਟਲ ਹੈ, ਜੋ ਕਿ 'ਆਦਿ ਪੁਰਖ', ਭਾਵ, ਸ੍ਰੀ ਅਕਾਲ ਪੁਰਖ ਸਾਹਿਬ ਦਾ ਆਪਣਾ ਫ਼ੁਰਮਾਣ ਹੈ ਕਿ, ਸਾਰੀ ਕਾਇਨਾਤ (Cosmos) ਤੇ, **ਇਸ ਗੁਰ-ਜੋਤਿ ਦਾ ਰਾਜ, 'ਅਬਿਚਲੁ' ਅਤੇ 'ਅਟਲੁ' ਹੈ, ਅਟਲ ਰਿਹਾ ਹੈ ਅਤੇ ਅਟਲ ਰਹੇਗਾ - 'ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ।।'**, ਪੰਨਾ ੧੩੯੦.

ਇਸੇ ਪਰਥਾਇ, ਪੰਨਾ ੩੩੮ ਤੇ, ਭਗਤ ਕਬੀਰ ਜੀ ਦਾ ਫ਼ੁਰਮਾਣ ਇੰਞ ਹੈ - 'ਤੁਮ ਜੁ ਕਹਤ ਹਉ ਨੰਦ ਕੋ ਨੰਦਨੁ ਨੰਦ ਸੁ ਨੰਦਨ ਕਾ ਕੋ ਰੇ।। ਧਰਨਿ ਅਕਾਸੁ ਦਸੋ ਦਿਸ ਨਾਹੀ ਤਬ ਇਹੁ ਨੰਦੁ ਕਹਾ ਥੋ ਰੇ।।' (ਅਰਥ: ਪਰ ਹੇ ਲੋਕੋ ! ਤੁਸੀਂ ਸ੍ਰੀ ਕ੍ਰਿਸ਼ਨ ਜੀ ਨੂੰ ਨੰਦ ਦੇ ਪੁਤਰ ਆਖੀ ਜਾਂਦੇ ਹੋ, ਸੋਚੋ, ਉਹ ਨੰਦ ਦੇ ਪੁਤਰ ਕਿਵੇਂ ਹੋ ਗਏ। ਧਰਤੀ, ਆਕਾਸ਼, ਦਸੋ ਦਿਸ਼ਾਵਾਂ ਨਹੀਂ ਸਨ ਤਾਂ ਇਹ ਨੰਦ ਕਿਥੇ ਸੀ? ਕਹਿਣ ਦਾ ਭਾਵ ਸਾਰੀ ਸ੍ਰਿਸ਼ਟੀ ਬਣਨ ਤੋਂ ਪਹਿਲਾਂ ਨੰਦ ਦੀ ਤਾਂ ਹੋਂਦ ਹੀ ਨਹੀਂ ਸੀ ਪਰ ਉਸ ਗੁਰ-ਜੋਤਿ, ਸ੍ਰੀ ਕ੍ਰਿਸ਼ਨ ਜੀ ਦੀ ਹੋਂਦ ਤਾਂ ਫ਼ਿਰ ਵੀ ਸੀ, ਕਿਉਂਕਿ ਇਹੀ ਗੁਰ-ਜੋਤਿ ਹੀ ਤਾਂ ਸ੍ਰਿਸ਼ਟੀ ਦਾ ਕਰਤਾ ਹੈ ! ਤਾਂ ਮਤਲਬ ਇਹ ਨਿਕਲਿਆ ਕਿ ਅਸਲ ਪਿਤਾ ਤਾਂ ਅਕਾਲ ਪੁਰਖ ਦਾ ਰੂਪ, ਉਹ ਗੁਰ-ਜੋਤਿ ਹੀ ਹੈ ਜੋ ਸਾਰੀ ਸ੍ਰਿਸ਼ਟੀ ਦਾ ਕਰਤਾ ਹੈ, ਨੰਦ ਨਹੀਂ।)

**ਬ੍ਰਹਮਾ ਬਿਸਨੁ ਸਿਰੇ ਤੈ ਅਗਨਤ ਤਿਨ ਕਉ ਮੋਹੁ ਭਇਆ ਮਨ ਮਦ ਕਾ।।**

ਇਥੇ ਗੁਰ-ਜੋਤਿ ਦੇ, ਸ੍ਰਿਸ਼ਟੀ ਸਾਜਣਾ ਤੋਂ ਪਹਿਲਾਂ ਮੌਜੂਦ ਹੋਣ ਦਾ ਪ੍ਰਮਾਣ ਮਿਲਦਾ ਹੈ, ਜਦੋਂ ਗਯੰਦ ਭੱਟ ਜੀ, ਸ੍ਰੀ ਗੁਰੂ ਰਾਮਦਾਸ ਜੀ ਨੂੰ ਸੰਬੋਧਨ ਕਰਦਿਆਂ ਫ਼ੁਰਮਾਣ ਕਰਦੇ ਹਨ :

-- ਹੇ ਗੁਰ-ਜੋਤਿ ਰੂਪੀ ਗੁਰੂ ਰਾਮਦਾਸ ! ਤੂੰ ਅਣਗਿਣਤ ਬ੍ਰਹਮਾ, ਵਿਸ਼ਣੂ ਆਦਿ ਦੇਵਤੇ ਪੈਦਾ ਕੀਤੇ ਹਨ। ਭਾਵੇਂ ਉਨ੍ਹਾਂ ਸਭ ਦੇ ਮਨ ਵਿਚ, ਆਪਣੀ ਹੋਂਦ ਦਾ ਹੀ ਹੰਕਾਰ, ਭਾਵ, ਹਉਮੈ, ਪੈਦਾ ਹੋ ਗਈ।

ਸ੍ਰੀ ਗੁਰੂ ਰਾਮਦਾਸ ਪਾਤਸ਼ਾਹ, ਆਪ, ਪੰਨਾ ੭੩੫ ਤੇ, ਫ਼ੁਰਮਾਣ ਕਰਦੇ ਹਨ ਕਿ ਬ੍ਰਹਮਾ, ਵਿਸ਼ਣੂ ਅਤੇ ਮਹਾਦੇਵ, ਤਿੰਨੇ ਹੀ ਮਾਇਆ ਦੇ ਤਿੰਨਾਂ ਗੁਣਾਂ ਦੇ ਅਤੇ

ਹਉਮੈ ਦੇ ਰੋਗੀ ਹਨ - 'ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ।।'

ਇਥੇ ਇਕ ਪ੍ਰਮਾਣ ਹੋਰ ਦਸਣ ਜੋਗ ਹੈ ਕਿ ਰਿਗ ਵੇਦ ਦੇ 10ਵੇਂ ਅਧਿਆਏ ਦੇ 129ਵੇਂ ਸੂਕਤ, ਜਿਸ ਨੂੰ ਨਾਸਦੀਯ ਸੂਕਤ ਕਹਿੰਦੇ ਹਨ, ਦੀ 6ਵੀਂ ਪੰਕਤੀ ਵਿਚ ਦਰਜ ਹੈ ਕਿ ਦੇਵਤੇ, ਸ੍ਰਿਸ਼ਟੀ ਰਚਨਾ ਤੋਂ ਬਾਅਦ ਪੈਦਾ ਕੀਤੇ ਗਏ:

को अद्धा वेद क इह प्र वोचत्कुत आजाता कुत इयं विसृष्टिः ।
अर्वाग्देवा अस्य विसर्जनेनाथा को वेद यत आबभूव ॥६॥

(But, after all, who knows, and who can say Whence it all came, and how creation happened? The gods themselves came later than creation, so who knows truly whence it has arisen?)

ਭੱਟ ਗਯੰਦ ਜੀ ਅਨੁਸਾਰ, ਦੇਵਤੇ ਇਸ ਗੁਰ-ਜੋਤਿ ਨੇ ਪੈਦਾ ਕੀਤੇ, ਅਰਥਾਤ ਸ੍ਰਿਸ਼ਟੀ, ਦੇਵਤਿਆਂ ਤੋਂ ਪਹਿਲਾਂ ਹੀ ਸਾਜ ਦਿਤੀ ਗਈ ਸੀ ਅਤੇ ਗੁਰ-ਜੋਤਿ ਸ੍ਰਿਸ਼ਟੀ ਸਾਜਨਾ ਤੋਂ ਪਹਿਲਾਂ ਹੀ ਹੋਂਦ ਵਿਚ ਸੀ, 'ਅਬਿਚਲੁ' ਅਤੇ 'ਅਟਲੁ'। ਇਸੇ ਕਰਕੇ ਹੀ ਤਾਂ ਕੋਈ ਦਸ ਨਹੀਂ ਸਕਦਾ, ਕਿ ਗੁਰ-ਜੋਤਿ ਕਦੋਂ ਤੋਂ ਹੈ, ਇਹ ਰਹੱਸ ਹੈ, 'ਆਦਿ ਪੁਰਖੁ' ਜਾਣੇ ਤੇ ਗੁਰ-ਜੋਤਿ ਜਾਣੇ !

**ਚਵਰਾਸੀਹ ਲਖ ਜੋਨਿ ਉਪਾਈ ਰਿਜਕੁ ਦੀਆ ਸਭ ਹੂ ਕਉ ਤਦ ਕਾ।।**

ਬੜੇ ਸਪੱਸ਼ਟ ਤੌਰ ਤੇ ਭੱਟ ਸਾਹਿਬ ਫ਼ੁਰਮਾਣ ਕਰਦੇ ਹਨ :

-- ਹੇ ਸ੍ਰੀ ਗੁਰ-ਜੋਤਿ, ਸ੍ਰੀ ਗੁਰੂ ਰਾਮਦਾਸ ! ਤੂੰ ਹੀ, ਚੁਰਾਸੀ ਲਖ ਜੂਨ ਪੈਦਾ ਕੀਤੀ ਹੈ ਤੇ ਉਨ੍ਹਾਂ ਸਭ ਨੂੰ ਤਦ ਤੋਂ, ਭਾਵ, ਪੈਦਾ ਕਰਣ ਦੇ ਸਮੇਂ ਤੋਂ, ਰਿਜ਼ਕ ਦਿੰਦਾ ਆ ਰਿਹਾ ਹੈਂ।

ਸ੍ਰੀ ਗੁਰੂ ਅਮਰਦਾਸ ਸਾਹਿਬ, ਪੰਨਾ ੨੭ ਤੇ ਚਉਰਾਸੀ ਲਖ ਜੋਨਿ ਦੇ ਪੈਦਾ ਕਰਣ ਅਤੇ ਰਿਜ਼ਕ ਦੇਣ ਦੀ ਗਵਾਹੀ ਭਰਦੇ ਹਨ - 'ਲਖ ਚਉਰਾਸੀਹ ਜਿਨਿ ਸਿਰੀ ਸਭਸੈ ਦੇਇ ਅਧਾਰੁ।।' ਅਜਿਹੀਆਂ ਹੋਰ ਕਈ ਗਵਾਹੀਆਂ, ਗੁਰਬਾਣੀ

ਵਿਚ ਮਿਲਦੀਆਂ ਹਨ।

**ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ॥੧॥੧੧॥**

-- ਹੇ ਗੁਰ-ਜੋਤਿ ਸ੍ਰੀ ਗੁਰੂ ਰਾਮਦਾਸ ਸਾਹਿਬ ! ਤੂੰ ਜੁਗਾਂ ਜੁਗਾਂ ਤੋਂ, ਹਰ ਜੁਗ ਵਿਚ, ਆਪਣੇ ਸੇਵਕਾਂ, ਭਾਵ, ਭਗਤਾਂ ਦੇ ਅੰਗ ਸੰਗ ਰਹਿੰਦਾ ਹੈਂ, ਭਗਤਾਂ ਤੇ ਤੇਰੀ ਬਖ਼ਸ਼ਿਸ਼ ਰਹਿੰਦੀ ਹੈ। ਹੇ ਗੁਰੂ ! ਤੂੰ ਵਾਹ ਹੈਂ, ਤੇਰੀ ਮਹਿਮਾ ਬਿਆਨ ਕਰਣ ਦੀ ਹਦ ਤੋਂ ਬਾਹਰ ਹੈ। ਇਹ ਸਾਰੀ ਰਚਨਾ ਤੇਰੇ ਹੀ ਸਦਕਾ, ਤੇਰੇ ਅਧਾਰ ਤੇ ਟਿਕੀ ਹੋਈ ਹੈ, ਹੋਂਦ ਰਖਦੀ ਹੈ।

ਇਸ ਸਵਈਏ ਵਿਚ, ਭੱਟ ਗਯੰਦ ਜੀ ਨੇ ਇਹ ਪਦਾ, ਦੁਬਾਰਾ, ਇਸ ਲਈ ਅੰਕਤ ਕੀਤਾ ਹੈ ਕਿ ਗੁਰ-ਜੋਤਿ ਬਾਰੇ ਦਿਤੀ, ਇਸ ਵਿਚਲੀ ਸਚਿਆਈ ਨੂੰ ਜ਼ੋਰ ਦੇ ਕੇ ਬਿਆਨ ਕੀਤਾ ਜਾਏ।

